31.12.95

31.12.96

# ਕਲਾ ਦੇ ਫ਼ਰਸ਼ ਤੇ

**ਗੁਰਸ਼ਰਨ ਸਿੰਘ**

**-ਪੱਤ੍ਰਿਕਾ 'ਜਮਹੂਰੀ ਚੇਤਨਾ':** ਜਮਹੂਰੀ ਚੇਤਨਾ ਨੂੰ ਸਮਰਪਿਤ ਜਮਹੂਰੀ ਅਧਿਕਾਰ ਸਭਾ ਦੀ ਇਹ ਪੱਤ੍ਰਿਕਾ ਪੰਜਾਬੀ ਪੱਤਰਕਾਰੀ ਦੀ ਇਕ ਪ੍ਰਾਪਤੀ ਹੈ। ਦੋ ਸਾਲ ਪਹਿਲਾਂ ਸ਼ੁਰੂ ਕੀਤੀ ਇਹ ਪੱਤ੍ਰਿਕਾ ਜਿਸ ਬੇਬਾਕ ਤਰੀਕੇ ਨਾਲ ਦੇਸ਼ ਦੇ ਜਮਹੂਰੀ ਹੱਕਾਂ ਨਾਲ ਸਬੰਧਤ ਆਰਥਿਕ, ਰਾਜਸੀ ਅਤੇ ਸਭਿਆਚਾਰਕ ਮੁੱਦਿਆਂ ਉਤੇ ਟਿੱਪਣੀ ਕਰਦੀ ਹੈ, ਉਹ ਪੱਤਰਕਾਰੀ ਦੇ ਉਦੇਸ਼ਾਂ ਨੂੰ ਪੂਰਾ ਕਰਨ ਦੀ ਇਕ ਮਿਸਾਲ ਹੈ। ਇਸ ਪੱਤ੍ਰਿਕਾ ਦਾ ਨਵੰਬਰ-ਦਸੰਬਰ 1995 ਦਾ ਅੰਕ ਜਿਹੜਾ ਪਾਠਕਾਂ ਦੇ ਹੱਥ ਪੁੱਜਿਆ ਹੈ, ਉਸ ਵਿਚ 6-7-8 ਅਕਤੂਬਰ 1995 ਨੂੰ ਜਮਹੂਰੀ ਅਧਿਕਾਰਾਂ ਦੀਆਂ ਜਥੇਬੰਦੀਆਂ ਦੀ ਕੁੱਲ ਹਿੰਦ ਫੈਡਰੇਸ਼ਨ ਦੀ ਦੂਜੀ ਕਾਨਫਰੰਸ, ਜੋ ਫਰੀਦਕੋਟ ਵਿਚ ਹੋਈ ਸੀ, ਉਸ ਵਿਚ ਰਜਨੀ ਐਕਸ. ਡਿਸਾਈ ਦਾ ਨਵੀਂ ਆਰਥਿਕ ਨੀਤੀ ਬਾਰੇ ਪੜ੍ਹਿਆ ਪੇਪਰ ਸ਼ਾਮਲ ਹੈ। ਇਸ ਬਹੁਤ ਹੀ ਪ੍ਰਭਾਵਸ਼ਾਲੀ ਪੇਪਰ ਦਾ ਅਨੁਵਾਦ ਪ੍ਰੋ. ਗੁਰਦਿਆਲ ਸਿੰਘ ਹੋਰਾਂ ਵਲੋਂ ਹੈ ਜੋ ਪੰਜਾਬੀ ਜਗਤ ਦੇ ਉਘੇ ਨਾਵਲਕਾਰ ਤੇ ਚਿੰਤਕ ਹਨ। ਨਵੀਂ ਆਰਥਿਕ ਨੀਤੀ ਬਾਰੇ ਆਰਥਿਕ ਮਾਹਿਰਾਂ ਵਲੋਂ ਬੜੀ ਵਿਆਖਿਆਵਾਂ ਰੋਜ਼ ਅਖਬਾਰਾਂ ਵਿਚ ਪੜ੍ਹਨ ਨੂੰ ਮਿਲਦੀਆਂ ਹਨ ਪਰ ਜਿਸ ਸਪਸ਼ਟਤਾ ਨਾਲ ਇਸ ਨੀਤੀ ਦਾ ਜੋ ਅਸਰ ਆਮ ਲੋਕਾਂ 'ਤੇ ਪਵੇਗਾ, ਉਹ ਬਿਆਨ ਕੀਤਾ ਗਿਆ ਹੈ, ਉਹ ਇਸ ਨੂੰ ਇਕ ਸਾਂਭਣਯੋਗ ਦਸਤਾਵੇਜ਼ ਬਣਾਉਂਦਾ ਹੈ।

ਸਾਹਿਤਕ ਪੱਤ੍ਰਿਕਾਵਾਂ ਤਾਂ ਮਿਆਰੀ ਕਿਸਮ ਦੀਆਂ ਹੁਣ ਪੰਜਾਬੀ ਵਿਚ ਮਿਲਦੀਆਂ ਹਨ ਪਰ ਲੋਕਾਂ ਨਾਲ ਸਬੰਧਤ ਮੁੱਦਿਆਂ ਉਤੇ ਸਪਸ਼ਟ ਅਤੇ ਸੌਖੀ ਜ਼ੁਬਾਨ ਵਿਚ ਜੋ ਟਿੱਪਣੀਆਂ ਇਸ ਪੱਤ੍ਰਿਕਾ ਵਿਚ ਪੜ੍ਹਨ ਲਈ ਮਿਲਦੀਆਂ ਹਨ, ਉਹ ਇਸ ਪੱਤ੍ਰਿਕਾ ਨੂੰ ਹੋਰਨਾਂ ਜ਼ੁਬਾਨਾਂ ਦੇ ਬਰਾਬਰ ਖਲੋਣ ਦਾ ਮਾਣ ਬਖਸ਼ਦੀਆਂ ਹਨ। ਇਸ ਅੰਕ ਵਿਚ ਪੰਜਾਬ ਪੁਲੀਸ ਅਤੇ ਉਹਦੇ ਮੁਖੀ ਬਾਰੇ ਇਕ ਟਿੱਪਣੀ ਹੈ ਜੋ ਪੁਲੀਸ ਦੀ ਕਾਰਗੁਜ਼ਾਰੀ ਦਾ ਵਿਸ਼ਲੇਸ਼ਣ ਕਰਦਿਆਂ ਕਹਿੰਦੀ ਹੈ, ''12 ਜੁਲਾਈ 1988, ਰੂਪਨ ਦਿਓਲ ਬਜਾਜ ਨਾਲ ਇਕ ਨਜਾਇਜ਼ ਹਰਕਤ ਕਰਨ ਵਾਲਾ ਸ਼ਖਸ ਲੁਧਿਆਣੇ ਜ਼ਿਲੇ ਦੇ ਇਕ ਪਿੰਡ ਦਾ ਜੰਮਪਲ ਸ੍ਰੀ ਕੰਵਰਪਾਲ ਸਿੰਘ ਗਿੱਲ ਨਹੀਂ ਸੀ, ਸਗੋਂ ਭਾਰਤ ਦੀ ਕੇਂਦਰੀ ਸਰਕਾਰ ਵਲੋਂ ਦਿੱਤੀਆਂ ਅਥਾਹ ਸ਼ਕਤੀਆਂ ਨਾਲ ਲੈਸ ਭਾਰਤ ਦਾ ਸਭ ਤੋਂ ਸ਼ਕਤੀਸ਼ਾਲੀ ਡਾਇਰੈਕਟਰ ਜਨਰਲ ਪੁਲੀਸ ਸੀ।'' ਖੁਸ਼ਵੰਤ ਸਿੰਘ ਨੇ ਇਸ ਮਾਮਲੇ ਬਾਰੇ ਜੋ ਰਾਇਏ ਦਿੱਤੀ, ਉਸ ਉਤੇ ਵੀ ਜ਼ੋਰਦਾਰ ਟਿੱਪਣੀ ਹੈ, ''...ਖੁਸ਼ਵੰਤ ਸਿੰਘ ਨੇ ਔਰਤ ਜਾਤੀ ਦੀ ਇਸ ਤੌਹੀਨ ਨੂੰ ਇਕ ਮਾਮੂਲੀ ਘਟਨਾ ਦਸਦੇ ਹੋਏ ਸ੍ਰੀਮਤੀ ਰੂਪਨ ਦਿਓਲ ਬਜਾਜ ਨੂੰ ਇਹ ਮਸ਼ਵਰਾ ਦੇਣਾ ਕਿ ਉਹ ਇਹਦੇ ਬਦਲੇ ਗਿੱਲ ਨੂੰ ਥੱਪੜ ਮਾਰ ਦਿੰਦੀ ਜਾਂ ਉਸ 'ਤੇ ਪਾਣੀ ਦਾ ਗਲਾਸ ਡੋਲ੍ਹ ਦਿੰਦੀ, ਉਸ ਦੀ ਸੋਚ ਦੇ ਦੀਵਾਲੀਏਪਣ ਦਾ ਸਬੂਤ ਹੈ। ਇਸੇ ਤਰ੍ਹਾਂ ਜਸਵੰਤ ਸਿੰਘ ਖਾਲੜਾ ਬਾਰੇ ਟਿੱਪਣੀ ਹੈ। ਉਸ ਨੂੰ ਪੰਜਾਬ ਪੁਲੀਸ ਨੇ ਜਿਸ ਤਰ੍ਹਾਂ ਗੁੰਮ ਕੀਤਾ ਹੈ, ਉਹ ਕਿਸੇ ਵੀ ਜਮਹੂਰੀਅਤ ਦਾ ਨਾਂ ਲੈਣ ਵਾਲੀ ਸੁਸਾਇਟੀ ਲਈ ਸ਼ਰਮ ਵਾਲੀ ਗੱਲ ਹੋਣੀ ਚਾਹੀਦੀ ਹੈ। ਕਸ਼ਮੀਰ ਦੇ ਮਸਲੇ ਬਾਰੇ ਟਿੱਪਣੀ ਹੈ, ''ਰਾਜਸੀ ਪਾਰਟੀਆਂ ਬੜੀਆਂ ਗੱਲਾਂ ਮਾਰਦੀਆਂ ਹਨ ਪਰ ਉਨ੍ਹਾਂ ਦੇ ਰਾਮ ਰੌਲੇ ਦਰਮਿਆਨ ਜੋ ਇਕ ਗੱਲ ਗਾਇਬ ਹੈ, ਉਹ ਹੈ ਕਸ਼ਮੀਰੀ ਲੋਕਾਂ ਦੀ ਆਜ਼ਾਦਾਨਾ ਰਾਇ ਜਾਨਣ ਦੀ।''

ਪੰਜਾਬੀ ਪੱਤਰਕਾਰੀ ਦੀ ਆਪਣੇ ਆਪ ਵਿਚ ਇਹ ਮਿਸਾਲੀ ਪੱਤ੍ਰਿਕਾ, ਜੋ ਹਾਲੀ ਸਿਰਫ ਇਕ ਹਜ਼ਾਰ ਦੀ ਗਿਣਤੀ ਵਿਚ ਛਪਦੀ ਹੈ, ਅਤੇ ਉਹ ਵੀ ਦੋ ਮਹੀਨਿਆਂ ਬਾਅਦ, ਪੰਜਾਬੀ ਭਾਈਚਾਰੇ ਦੀ ਲੋਕ ਚੇਤਨਾ ਪੱਖੋਂ ਅਣਗਹਿਲੀ ਨੂੰ ਜ਼ਾਹਰ ਕਰਦੀ ਹੈ। ਲੋੜ ਹੈ ਕਿ ਇਹ ਵੱਧ ਗਿਣਤੀ ਵਿਚ ਹਰ ਮਹੀਨੇ ਛਪੇ ਤੇ ਬੁੱਕ ਸਟਾਲਾਂ 'ਤੇ ਪੁੱਜੇ।

**ਮਨਿੰਦਰ ਕਾਂਗ ਦਾ ਨਾਵਲਿਟ 'ਜੂਨ':** ਪੰਜਾਬ ਦੇ ਦੁਖਾਂਤ ਬਾਰੇ ਇਕ ਬਹੁਤ ਸ਼ਕਤੀਸ਼ਾਲੀ ਰਚਨਾ ਮਨਿੰਦਰ ਸਿੰਘ ਕਾਂਗ ਦੇ ਨਾਵਲਿਟ 'ਜੂਨ' ਵਿਚ ਪੜ੍ਹਨ ਨੂੰ ਮਿਲੀ ਹੈ, ਜੋ ਦਿੱਲੀ ਤੋਂ ਨਿਕਲਦੇ ਮੈਗਜ਼ੀਨ 'ਅਕਸ' ਦੇ ਨਵੰਬਰ 1995 ਅੰਕ ਵਿਚ ਛਪੀ ਹੈ। ਹਿੰਸਕ ਕਾਰਵਾਈਆਂ ਨੇ ਭਾਵੇਂ ਉਹ ਕਥਿਤ ਧਾਰਮਿਕ ਖਾੜਕੂਆਂ ਵਲੋਂ ਹੋਈਆਂ ਹਨ ਜਾਂ ਪੁਲੀਸ ਅਤੇ ਸਰਕਾਰ ਵਲੋਂ ਹੋਈਆਂ ਹਨ, ਉਨ੍ਹਾਂ ਨੇ ਬੜੀ ਹੀ ਅਮਾਨਵੀ ਮਾਨਸਿਕਤਾ ਨੂੰ ਜਨਮ ਦਿੱਤਾ ਹੈ। ਕੋਈ ਵੀ ਇਸ ਤੋਂ ਇਨਕਾਰ ਨਹੀਂ ਕਰ ਸਕਦਾ ਕਿ ਇਸ ਅਮਾਨਵੀ ਮਾਨਸਿਕਤਾ ਦਾ ਨਤੀਜਾ ਕਈ ਪੀੜ੍ਹੀਆਂ ਨੂੰ ਭੁਗਤਣਾ ਪੈਣਾ ਹੈ। ਇਹ ਨਾਵਲਿਟ ਇਕ ਤਸੀਹਾਘਰ ਦੇ ਵਾਤਾਵਰਣ ਵਿਚ ਵਿਚਰਦੇ ਕਿਰਦਾਰਾਂ ਨੂੰ ਆਪਣੀ ਲਪੇਟ ਵਿਚ ਲਿਆਉਂਦਾ ਹੈ। ਇਹ ਵੀ ਹੁਣ ਤਕ ਇਕ ਨੰਗਾ ਚਿੱਟਾ ਸੱਚ ਹੈ ਕਿ ਤਸੀਹਾਘਰਾਂ ਵਿਚ ਭਿਆਨਕ ਤੋਂ ਭਿਆਨਕ ਕਿਸਮ ਦਾ ਜਬਰ ਕੀਤਾ ਜਾਂਦਾ ਹੈ। ਸਖਤ ਤੋਂ ਸਖਤ ਜਾਨ ਵਾਲੇ ਵਿਅਕਤੀ ਵੀ ਡੋਲ ਜਾਂਦੇ ਹਨ ਅਤੇ ਉਹ ਆਪਣੇ ਸਾਥੀਆਂ ਦੀ ਮੁਖਬਰੀ ਕਰਨ ਤਕ ਵੀ ਚਲੇ ਜਾਂਦੇ ਹਨ। ਇਸ ਕਿਸਮ ਦਾ ਜਬਰ ਕਰਨ ਵਾਲਿਆਂ ਵਿਚ ਵੀ ਤੇ ਸਹਿਣ ਵਾਲਿਆਂ ਵਿਚ ਵੀ, ਜੋ ਮਾਨਵੀ ਕਦਰਾਂ ਕੀਮਤਾਂ ਨੂੰ ਢਾਹ ਲਗਾਉਂਦਾ ਹੈ, ਉਹ ਜਿਸ ਸ਼ਿੱਦਤ ਨਾਲ ਇਸ ਨਾਵਲਿਟ ਵਿਚ ਬਿਆਨ ਕੀਤਾ ਗਿਆ ਹੈ, ਉਹ ਇਸ ਨਾਵਲਿਟ ਨੂੰ 1995 ਦੀ ਇਕ ਨਾ ਭੁੱਲਣ ਵਾਲੀ ਕਲਾ-ਕ੍ਰਿਤ ਦਾ ਦਰਜਾ ਪ੍ਰਦਾਨ ਕਰਦਾ ਹੈ। ਕਲਾ ਦਾ ਇਕ ਉਦੇਸ਼ ਹੈ ਕਿ ਉਹ ਮਾਨਵੀ ਕਦਰਾਂ ਕੀਮਤਾਂ ਦੀ ਪਹਿਰੇਦਾਰੀ ਕਰੇ, ਇਹ ਨਾਵਲਿਟ ਉਸ ਉਦੇਸ਼ ਨੂੰ ਪੂਰਾ ਕਰਦਾ ਹੈ। ਪੰਜਾਬ ਦੇ ਦੁੱਖ ਨੂੰ ਇਸ ਸ਼ਿੱਦਤ ਅਤੇ ਹੌਸਲੇ ਨਾਲ ਪੇਸ਼ ਕਰਨ ਲਈ ਮਨਿੰਦਰ ਸਿੰਘ ਕਾਂਗ ਵਧਾਈ ਦਾ ਪਾਤਰ ਹੈ।

**ਅਣਖੀ ਮਨੁੱਖ ਦਾ ਕਵੀ ਡਾ. ਜਗਤਾਰ:** 1995 ਦਾ ਸਾਹਿਤ ਅਕੈਡਮੀ ਦਾ ਸਨਮਾਨ ਜਿੱਤਣ ਵਾਲਾ ਕਵੀ ਡਾ. ਜਗਤਾਰ ਪੰਜਾਬੀ ਕਵਿਤਾ ਦਾ ਇਕ ਸ਼ਾਨ ਵਾਲਾ ਹਸਤਾਖਰ ਹੈ। ਉਹ ਦੀ ਕਵਿਤਾ ਅਣਖੀ ਮਨੁੱਖ ਦੀ ਆਵਾਜ਼ ਦੀ ਸ਼ਕਤੀਸ਼ਾਲੀ ਕਵਿਤਾ ਹੈ।

ਤੁਸੀਂ ਜੋ ਜ਼ਿੰਦਗੀ ਵਿਚ
ਰੀਂਗਦੇ ਹੋਏ ਕੀੜਿਆਂ ਵਰਗੀ
ਹਿਯਾਤੀ ਨਾਲ ਖੁਸ਼ ਹੋ
ਤਾਂ ਮੁਬਾਰਕ!
ਅਸਾਂ ਨੂੰ ਰੀਂਗਦੀ ਹੋਈ ਜ਼ਿੰਦਗੀ ਦੇ ਨਾਲ ਨਫਰਤ ਹੈ।

(ਕਵਿਤਾ 'ਫੈਸਲਾ' ਦੇ ਮੁਢਲੇ ਬੋਲ)

ਡਾ. ਜਗਤਾਰ ਨੂੰ ਸਾਡੇ ਵਲੋਂ ਮੁਬਾਰਕਾਂ ਅਤੇ ਸਲਾਮ।